## ਬਾਬਤ: ਜੀ ਸੀ ਟੀ ਡੈਲਟਾਪੋਰਟ `ਤੇ ਸਿਗਰਟਾਂ ਨਾ ਪੀਣ ਦੀ ਪਾਲਸੀ

ਤਮਾਕੂ ਅਤੇ ਤਮਾਕੂ ਨਾਲ ਸੰਬੰਧਿਤ ਚੀਜ਼ਾਂ ਦੇ ਸੰਪਰਕ ਵਿਚ ਆਉਣ ਨਾਲ ਪੈਦਾ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਕਰਕੇ, ਟਰਮੀਨਲ `ਤੇ ਕੰਮ ਕਰਨ ਵਾਲਿਆਂ ਜਾਂ ਟਰਮੀਨਲ `ਤੇ ਆਉਣ ਵਾਲਿਆਂ ਲਈ ਸਿਗਰਟਾਂ ਦੇ ਧੂੰਏਂ ਤੋਂ ਮੁਕਤ ਵਾਤਾਵਰਣ ਪ੍ਰਦਾਨ ਕਰਨੀ ਲਈ, ਕਿਰਪਾ ਕਰਕੇ ਨੋਟ ਕਰੋ ਕਿ ਜੀ ਸੀ ਟੀ ਕੈਨੇਡਾ ਨੇ ਜੀ ਸੀ ਟੀ ਡੈਲਟਾਪੋਰਟ ਵਿਖੇ ਸਿਗਰਟਾਂ ਨਾ ਪੀਣ ਦੀ ਪਾਲਸੀ ਲਾਗੂ ਕੀਤੀ ਹੈ।

ਜੀ ਸੀ ਟੀ ਕੈਨੇਡਾ ਦੀ ਪਾਲਸੀ ਇਹ ਮੰਗ ਕਰਦੀ ਹੈ ਕਿ ਸਾਰੇ ਮੁਲਾਜ਼ਮ, ਕੰਮ ਕਰਨ ਵਾਲੇ, ਟਰੱਕਾਂ ਵਾਲੇ, ਵਿਜ਼ਟਰ ਅਤੇ ਕੌਂਟਰੈਕਟਰ ਜੀ ਸੀ ਟੀ ਡੈਲਟਾਪੋਰਟ ਦੇ ਘੇਰੇ ਦੇ ਅੰਦਰ ਸਿਗਰਟਾਂ ਨਾ ਪੀਣ, ਇਸ ਵਿਚ ਸਾਰੀਆਂ ਗੱਡੀਆਂ ਦੇ ਅੰਦਰਲੇ ਹਿੱਸੇ ਅਤੇ ਕਨਟੇਨਰ ਸਾਂਭਣ ਵਾਲਾ ਸਾਜ਼-ਸਾਮਾਨ ਵੀ ਸ਼ਾਮਲ ਹੈ ਪਰ ਇਹ ਇੱਥੋਂ ਤੱਕ ਹੀ ਸੀਮਤ ਨਹੀਂ ਹੈ। ਸਥਾਨ ਦੇ ਸਾਰੇ ਘੇਰੇ (ਗੇਟ ਤੋਂ ਗੇਟ ਤੱਕ) ਅੰਦਰਲੇ ਸਾਰੇ ਇਲਾਕਿਆਂ ਵਿਚ ਸਿਗਰਟਾਂ ਪੀਣ ਦੀ ਮਨਾਹੀ ਹੈ। ਟਰਮੀਨਲ ਦੇ ਘੇਰੇ ਤੋਂ ਬਾਹਰ ਸਿਗਰਟਾਂ ਪੀਣ ਦੀ ਆਗਿਆ ਹੈ। ਇਹ ਪਾਲਸੀ ਤਮਾਕੂ ਅਤੇ ਤਮਾਕੂ ਤੋਂ ਬਣੀਆਂ ਸਾਰੀਆਂ ਚੀਜ਼ਾਂ `ਤੇ ਲਾਗੂ ਹੁੰਦੀ ਹੈ, ਜਿਸ ਵਿਚ ਈ-ਸਿਗਰਟਾਂ ਅਤੇ ਚਿੱਥਣ ਵਾਲਾ ਤਮਾਕੂ (ਜਰਦਾ) ਵੀ ਸ਼ਾਮਲ ਹਨ।

ਸਾਡੀ ਪਾਲਸੀ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਬੇਝਿਜਕ ਸਾਡੇ ਨਾਲ operations-support@globalterminals.com `ਤੇ ਸੰਪਰਕਕ ਕਰੋ।

ਸੱਚੇ ਦਿਲੋਂ,

ਜੀ ਸੀ ਟੀ ਕੈਨੇਡਾ ਸੇਫਟੀ ਅਤੇ ਸਕਿਉਰਟੀ ਟੀਮ

Updated: February, 2023